# ਹੈ ਕੋਈ ਜਾਗਦਾ ਮੱਖਣ ਸ਼ਾਹ ਲੁਬਾਣੇ ਦਾ ਵਾਰਸ ?

ੴ ਸਤਿਗੁਰ ਪ੍ਰਸਾਦਿ
ਆਗਿਆ ਭਈ ਅਕਾਲ ਕੀ
ਤਬੈ ਚਲਾਇਓ ਪੰਥ
ਸਭ ਸਿੱਖਨ ਕੋ ਹੁਕਮ ਹੈ
ਗੁਰੂ ਮਾਨਿਯੋ ਗ੍ਰੰਥ

ਪੁਰਾਤਨ ਗੁਰਸਿੱਖਾਂ ਨੇ ਇੱਕ ਰਵਾਇਤ ਕਾਇਮ ਕੀਤੀ ਸੀ , ਇੱਕ ਪ੍ਰੰਪਰਾ ਚਲਾਈ ਸੀ । ਜਿਸ ਅਨੁਸਾਰ ਹਰੇਕ ਦੀਵਾਨ ਦੀ ਸਮਾਪਤੀ ਉਪਰੰਤ , ਉਪਰੋਕਤ ਦੋਹਰਾ ਸੰਗਤੀ ਰੂਪ ਵਿੱਚ ਉਚਾਰਨ ਹੁੰਦਾ ਸੀ ।ਹਰੇਕ ਰਵਾਇਤ ਦਾ ਕੋਈ ਮਨੋਰਥ ਹੁੰਦਾ ਹੈ , ਕੋਈ ਉਦੇਸ਼ ਹੁੰਦਾ ਹੈ । ਇਸ ਰਵਾਇਤ ਦਾ ਮਨੋਰਥ ਬਾਰ - ਬਾਰ ਸਿੱਖ ਸੰਗਤ ਨੂੰ ਦਸਮ ਪਾਤਸ਼ਾਹ ਜੀ ਦਾ ਇਹ ਹੁਕਮ ਚੇਤੇ ਕਰਵਾਉਣਾ ਸੀ , ਦ੍ਰਿੜ ਕਰਵਾਉਣਾ ਸੀ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਹੁਕਮ ਸੀ ।

## ਗੁਰੂ ਸ਼ਬਦ ਦਾ ਅਰਥ ਕੀ ਹੈ ?

ਸੰਸਕ੍ਰਿਤ ਵਿੱਚ ਗੁ ਸ਼ਬਦ ਦਾ ਅਰਥ ਹੈ ਅੰਧੇਰਾ -ਅੰਧੇਰਾ
ਅਤੇ ਰੂ ਸ਼ਬਦ ਦਾ ਅਰਥ ਹੈ ਪ੍ਰਕਾਸ਼ -ਪ੍ਰਕਾਸ਼
ਗੁਰੂ ਉਹ ਹੈ ਜੋ ਅਗਿਆਨ ਰੂਪੀ ਅੰਧੇਰੇ ਨੂੰ ਆਤਮਿਕ ਪ੍ਰਕਾਸ਼ ਵਿੱਚ ਬਦਲ ਦੇਵੇ ।

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧੁ ਜਗਿ ਚਾਨਣੁ ਹੋਆ।

ਦਸ ਗੁਰੂ ਸਹਿਬ ਇੱਕ ਹੀ ਸਰੂਪ ਸਨ ਇੱਕ ਹੀ ਜੋਤ ਸਨ ।
ਦਸਮ ਪਾਤਸ਼ਾਹ ਜੀ ਨੇ ਬਚਿੱਤਰ ਨਾਟਕ ਵਿੱਚ ਇੰਝ ਜ਼ਿਕਰ ਕੀਤਾ ਹੈ :-

ਨਾਨਕ ਅੰਗਦ ਕੋ ਬਪੁ ਧਰਾ॥
ਧਰਮ ਪ੍ਰਚੁਰਿ ਇਹ ਜਗ ਮੋਂ ਕਰਾ॥
ਅਮਰਦਾਸ ਪੁਨਿ ਨਾਮ ਕਹਾਯੋ॥
ਜਨ ਦੀਪਕ ਤੇ ਦੀਪ ਜਗਾਯੋ॥੭॥
ਜਬ ਬਰਿ ਦਾਨਿ ਸਮੈ ਵਹੁ ਆਵਾ॥
ਰਾਮਦਾਸ ਤਬ ਗੁਰੂ ਕਹਾਵਾ॥
ਤਿਹ ਬਰ ਦਾਨਿ ਪੁਰਾਤਨਿ ਦੀਆ॥
ਅਮਰਦਾਸ ਸੁਰਪੁਰਿ ਮਗੁ ਲੀਆ॥੮॥
ਸ੍ਰੀ ਨਾਨਕ ਅੰਗਦਿ ਕਰ ਮਾਨਾ॥
ਅਮਰ ਦਾਸ ਅੰਗਦ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥
ਸਾਧਨਿ ਲਖਾ ਮੂੜ ਨਹਿ ਪਾਯੋ॥੯॥

ਭਿੰਨ ਭਿੰਨ ਸਭਹੂੰ ਕਰਿ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨਹੀ ਸਿਧ ਪਾਈ॥
ਬਿਨ ਸਮਝੇ ਸਿਧ ਹਾਥ ਨ ਆਈ॥੧੦॥
ਰਾਮਦਾਸ ਹਰਿਸੋ ਮਿਲ ਗਏ॥
ਗੁਰਤਾ ਦੇਤ ਅਰਜਨਹਿ ਭਏ॥
ਜਬ ਅਰਜਨ ਪ੍ਰਭ ਲੋਕ ਸਿਧਾਏ॥
ਹਰਿ ਗੋਬਿੰਦ ਤਿਹ ਠਾਂ ਠਹਿਰਾਏ ॥੧੧॥
ਹਰਿ ਗੋਬਿੰਦ ਪ੍ਰਭਲੋਕ ਸਿਧਾਰੇ ॥
ਹਰੀ ਰਾਇ ਤਿਹ ਠਾਂ ਬੈਠਾਰੇ॥
ਹਰੀ ਕ੍ਰਿਸ਼ਨ ਤਿਨਕੇ ਸੁਤ ਵਏ ॥
ਤਿਨ ਤੇ ਤੇਗ ਬਹਾਦਰ ਭਏ ॥੧੨॥